NHS

# ਇੰਗਲੈਂਡ ਵਿੱਚ ਅੰਗ-ਦਾਨ ਕਰਨ ਸੰਬੰਧੀ ਕਾਨੂੰਨ ਬਦਲ ਗਿਆ ਹੈ

# ਤੁਹਾਡੇ ਕੋਲ ਅਜੇ ਵੀ ਇੱਕ ਵਿਕਲਪ ਹੈ

## ਇੰਗਲੈਂਡ ਵਿੱਚ ਅੰਗ-ਦਾਨ ਹੁਣ ਇੱਕ 'ਔਪਟ ਆਉਟ' ('opt out') ਸਿਸਟਮ ਵਿੱਚ ਬਦਲ ਗਿਆ ਹੈ

ਇੰਗਲੈਂਡ ਦੇ ਸਾਰੇ ਬਾਲਗ਼ਾਂ ਨੂੰ ਮੌਤ ਹੋਣ 'ਤੇ ਅੰਗ ਅਤੇ ਟਿਸ਼ੂ ਦਾਨੀ ਬਣਨ ਲਈ ਸਹਿਮਤ ਹੋਣਾ ਪਵੇਗਾ, ਬਸ਼ਰਤੇ ਉਹਨਾਂ ਨੇ ਦਾਨ ਨਾ ਕਰਨ ਦਾ ਫੈਸਲਾ ਲਿਆ ਨਾ ਹੋਵੇ, ਆਪਣੇ ਪਰਿਵਾਰ ਨੂੰ ਦੱਸਿਆ ਹੋਵੇ ਕਿ ਉਹ ਦਾਨ ਨਹੀਂ ਕਰਨਾ ਚਾਹੁੰਦੇ ਜਾਂ ਹੇਠਾਂ ਦਿੱਤੇ ਵਿੱਚੋਂ ਕਿਸੇ ਇੱਕ ਸ਼ਾਮਲ ਨਾ ਕਰਨ ਵਾਲੇ ਸਮੂਹ ਵਿੱਚੋਂ ਹਨ:

- 18 ਸਾਲ ਤੋਂ ਘੱਟ ਉਮਰ ਦੇ ਲੋਕ
- ਉਹ ਲੋਕ ਜਿਨ੍ਹਾਂ ਕੋਲ ਨਵੇਂ ਪ੍ਰਬੰਧਾਂ ਨੂੰ ਸਮਝਣ ਅਤੇ ਲੋੜੀਂਦੀ ਕਾਰਵਾਈ ਕਰਨ ਦੀ ਮਾਨਸਿਕ ਯੋਗਤਾ ਨਹੀਂ ਹੈ
- ਉਹ ਲੋਕ ਜੋ ਆਪਣੀ ਮੌਤ ਤੋਂ ਪਹਿਲਾਂ ਇੰਗਲੈਂਡ ਵਿੱਚ 12 ਮਹੀਨਿਆਂ ਤੋਂ ਘੱਟ ਸਮੇਂ ਲਈ ਰਹੇ ਹਨ
- ਇੰਗਲੈਂਡ ਆਉਣ ਵਾਲੇ ਲੋਕ
- ਉਹ ਲੋਕ ਜੋ ਇੱਥੇ ਸਵੈ-ਇੱਛਾ ਨਾਲ ਨਹੀਂ ਰਹਿ ਰਹੇ ਹਨ।

ਨਵਾਂ ਸਿਸਟਮ ਸਿਰਫ ਉਹਨਾਂ ਅੰਗਾਂ ਅਤੇ ਟਿਸ਼ੂਆਂ 'ਤੇ ਲਾਗੂ ਹੋਵੇਗਾ, ਜੋ ਰੁਟੀਨ ਟ੍ਰਾਂਸਪਲਾਂਟ ਲਈ ਵਰਤੇ ਜਾਣਗੇ।

ਜੇ ਤੁਸੀਂ ਮਰਨ ਸਮੇਂ ਦਾਨੀ ਬਣਨਾ ਜਾਂ ਨਹੀਂ ਬਣਨਾ ਚਾਹੁੰਦੇ ਹੋ, ਤਾਂ ਤੁਹਾਡੇ ਕੋਲ ਅਜੇ ਵੀ ਇੱਕ ਵਿਕਲਪ ਹੈ। ਤੁਹਾਡੇ ਲਈ ਉਪਲਬਧ ਵਿਕਲਪ ਇਸ ਫੈਕਟਸ਼ੀਟ ਵਿੱਚ ਦਿੱਤੇ ਗਏ ਹਨ।

## ਕਿਰਪਾ ਕਰਕੇ ਆਪਣੇ ਅੰਗ-ਦਾਨ ਸੰਬੰਧੀ ਫੈਸਲਾ ਕਰੋ ਅਤੇ ਆਪਣੀਆਂ ਨਾਲ ਸਾਂਝਾ ਕਰੋ

ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਇਸ ਬਾਰੇ ਗੱਲ ਕਰੋ, ਤਾਂ ਜੋ ਉਹ ਤੁਹਾਡੇ ਫੈਸਲੇ ਨੂੰ ਜਾਣ ਸਕਣ ਅਤੇ ਤੁਸੀਂ ਉਨ੍ਹਾਂ ਦੇ ਫੈਸਲੇ ਜਾਣ ਸਕੋ।

## ਆਪਣੇ ਅੰਗ-ਦਾਨ ਦੇ ਫੈਸਲੇ ਨੂੰ ਸਾਂਝਾ ਕਰਨਾ, ਮਹੱਤਵਪੂਰਨ ਕਿਉਂ ਹੈ?

ਜੇ ਤੁਸੀਂ ਆਪਣੀ ਮੌਤ ਦੇ ਸਮੇਂ ਸੰਭਾਵਤ ਤੌਰ 'ਤੇ ਦਾਨ ਕਰ ਸਕਦੇ ਹੋ, ਤਾਂ ਤੁਹਾਡੇ ਪਰਿਵਾਰ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ।

ਇਸਦੇ ਬਹੁਤ ਸਾਰੇ ਕਾਰਨ ਹਨ:

- ਤੁਹਾਡੇ ਪਰਿਵਾਰ ਨਾਲ ਵਿਚਾਰ
- ਉਹਨਾਂ ਕੋਲ ਤੁਹਾਡੇ ਦਾਨ ਦੇ ਫੈਸਲੇ ਬਾਰੇ NHS Organ Donor Register ਵਿੱਚ ਦਰਜ ਕਿਸੇ ਵੀ ਰਿਕਾਰਡ ਨਾਲੋਂ ਵਧੇਰੇ ਮੌਜੂਦਾ ਜਾਣਕਾਰੀ ਹੋ ਸਕਦੀ ਹੈ
- ਤੁਹਾਡਾ ਪਰਿਵਾਰ ਤੁਹਾਡੀਆਂ ਕਿਸੇ ਖਾਸ ਬੇਨਤੀ ਜਾਂ ਜ਼ਰੂਰਤਾਂ ਬਾਰੇ ਸਾਨੂੰ ਦੱਸ ਸਕਦਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅੰਗ ਦਾਨੀ ਤੁਹਾਡੇ ਵਿਸ਼ਵਾਸ ਅਤੇ ਸ਼ਰਧਾ ਮੁਤਾਬਕ ਅੱਗੇ ਵੱਧ ਸਕੇ
- ਤੁਹਾਡੇ ਪਰਿਵਾਰ ਵੱਲੋਂ ਦਿੱਤੀ ਗਈ ਜਾਣਕਾਰੀ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗੀ ਕਿ ਤੁਹਾਡੇ ਅੰਗ, ਦੂਜਿਆਂ ਲਈ ਪ੍ਰਾਪਤ ਕਰਨ ਲਈ ਸੁਰੱਖਿਅਤ ਹਨ ਜਾਂ ਨਹੀਂ

ਜੇ ਤੁਹਾਡਾ ਕੋਈ ਨਜ਼ਦੀਕੀ ਪਰਿਵਾਰ ਅਤੇ ਦੋਸਤ ਨਹੀਂ ਹਨ, ਜਾਂ ਤੁਹਾਡੀ ਤਰਫੋਂ ਕਿਸੇ ਹੋਰ ਨਾਲ ਸਲਾਹ ਮਸ਼ਵਰੇ ਨੂੰ ਤਰਜੀਹ ਦਿੰਦੇ ਹੋ, ਤਾਂ ਤੁਹਾਡੇ ਕੋਲ ਇੱਕ ਭਰੋਸੇਮੰਦ ਨੁਮਾਇੰਦੇ ਨੂੰ ਨਾਮਜ਼ਦ ਕਰਨ ਲਈ NHS Organ Donor Register ਦੀ ਵਰਤੋਂ ਕਰਨ ਦਾ ਵਿਕਲਪ ਉਪਲਬਧ ਹੈ।

ਵਧੇਰੇ ਜਾਣੋ ਅਤੇ ਆਪਣਾ ਫੈਸਲਾ ਰਜਿਸਟਰ ਕਰੋ

**Organdonation.nhs.uk** 'ਤੇ ਜਾਓ

## ਅੰਗ ਅਤੇ ਟਿਸ਼ੂ ਦਾਨ ਕੀ ਹੈ?

ਅੰਗ ਦਾਨ ਕਿਸੇ ਅੰਗ ਦਾ ਤੋਹਫਾ ਹੁੰਦਾ ਹੈ ਤਾਂ ਜੋ ਕਿਸੇ ਅਜਿਹੇ ਵਿਅਕਤੀ ਦੀ ਮਦਦ ਕੀਤੀ ਜਾ ਸਕੇ ਜਿਸਨੂੰ ਟ੍ਰਾਂਸਪਲਾਂਟ ਦੀ ਲੋੜ ਹੈ। ਹਰ ਸਾਲ ਅੰਗ ਟ੍ਰਾਂਸਪਲਾਂਟ ਦੁਆਰਾ UK ਵਿੱਚ ਹਜ਼ਾਰਾਂ ਹੀ ਲੋਕਾਂ ਦੀਆਂ ਜ਼ਿੰਦਗੀਆਂ ਬਚ ਜਾਂਦੀਆਂ ਹਨ ਜਾਂ ਉਹਨਾਂ ਵਿੱਚ ਸੁਧਾਰ ਹੋ ਜਾਂਦਾ ਹੈ। ਉਹ ਅੰਗ ਜੋ ਮਰਨ ਵਾਲਿਆਂ ਦੁਆਰਾ ਦਾਨ ਕੀਤੇ ਜਾ ਸਕਦੇ ਹਨ:

- ਦਿਲ
- ਕਿਡਨੀ
- ਲੀਵਰ
- ਫੇਫੜੇ
- ਪਾਚਕ ਗ੍ਰੰਥੀ
- ਘੱਟ ਮਲ (small bowel)

ਚਮੜੀ, ਹੱਡੀ, ਦਿਲ ਦੇ ਵਾਲਵ ਅਤੇ ਕੋਰਨੀਆ ਵਰਗੇ ਟਿਸ਼ੂ ਵੀ ਲੋਕਾਂ ਦੀਆਂ ਜ਼ਿੰਦਗੀਆਂ ਵਿੱਚ ਸੁਧਾਰ ਕਰਨ ਲਈ ਵਰਤੇ ਜਾ ਸਕਦੇ ਹਨ।

## ਕਾਨੂੰਨ ਕਿਉਂ ਬਦਲਿਆ ਗਿਆ ਹੈ?

ਵਧੇਰੇ ਲੋਕਾਂ ਦੀ ਜ਼ਿੰਦਗੀ ਬਚਾਉਣ ਅਤੇ ਬਿਹਤਰ ਬਣਾਉਣ ਲਈ ਕਾਨੂੰਨ ਬਦਲਿਆ ਗਿਆ ਹੈ। ਅੰਗ-ਦਾਨ ਵਿੱਚ ਕਾਫੀ ਵਾਧਾ ਹੋਇਆ ਹੈ, ਪਰ ਅਜੇ ਵੀ ਦਾਨੀਆਂ ਦੀ ਘਾਟ ਹੈ। ਹਰ ਦਿਨ ਸਮੁੱਚੇ UK ਵਿੱਚ ਕੋਈ ਨਾ ਕੋਈ ਕਿਸੇ ਟ੍ਰਾਂਸਪਲਾਂਟ ਦੀ ਉਡੀਕ ਕਰਦੇ ਹੋਏ ਮਰ ਜਾਂਦਾ ਹੈ।

## ਕੀ ਤੁਹਾਡੇ ਵਿਸ਼ਵਾਸ ਜਾਂ ਸ਼ਰਧਾ ਦੀ ਕਦਰ ਕੀਤੀ ਜਾਵੇਗੀ?

**ਹਾਂ।** ਸਾਡੀ ਮਾਹਰ ਨਰਸਾਂ ਦਾਨ ਪ੍ਰਕਿਰਿਆ ਤੋਂ ਪਹਿਲਾਂ, ਦੌਰਾਨ ਜਾਂ ਬਾਅਦ ਵਿੱਚ, ਵਿਸ਼ਵਾਸ ਜਾਂ ਸ਼ਰਧਾ ਬਾਰੇ ਤੁਹਾਡੇ ਪਰਿਵਾਰਾਂ ਦੇ ਸਵਾਲਾਂ ਸੰਬੰਧੀ ਵਿਚਾਰ-ਵਟਾਂਦਰੇ ਕਰਨ ਲਈ ਹਮੇਸ਼ਾਂ ਬਹੁਤ ਹੀ ਵਿਅਕਤੀਗਤ ਪਹੁੰਚ ਅਪਣਾਉਂਦੀਆਂ ਹਨ।

ਜੇ ਤੁਸੀਂ ਕਿਸੇ ਅੰਗ ਦਾਨੀ ਵਜੋਂ ਰਜਿਸਟਰ ਹੋਣ ਦੀ ਚੋਣ ਕਰਦੇ ਹੋ, ਜਦੋਂ ਤੁਸੀਂ ਅਜਿਹਾ NHS ਐਪ ਰਾਹੀਂ ਔਨਲਾਈਨ ਕਰਦੇ ਹੋ, ਜਾਂ ਸਾਡੀ ਹੈਲਪਲਾਈਨ ਰਾਹੀਂ ਕਰਦੇ ਹੋ, ਤਾਂ ਤੁਸੀਂ ਇਹ ਦੱਸ ਸਕਦੇ ਹੋ ਕਿ NHS ਤੁਹਾਡੇ ਪਰਿਵਾਰ ਅਤੇ ਕਿਸੇ ਹੋਰ ਉਚਿਤ ਵਿਅਕਤੀ ਨਾਲ ਤੁਹਾਡੇ ਵਿਸ਼ਵਾਸ ਜਾਂ ਸ਼ਰਧਾ ਮੁਤਾਬਕ ਅੰਗ ਦਾਨ ਕਰਨ ਸੰਬੰਧੀ ਗੱਲ ਕਰੇ ਜਾਂ ਨਹੀਂ। NHS ਅੰਗ ਦਾਨ ਰਜਿਸਟਰ (NHS Organ Donor Register) 'ਤੇ ਤੁਹਾਡੀ ਰਜਿਸਟਰੇਸ਼ਨ 'ਤੇ ਨਜ਼ਰ ਮਾਰਦੇ ਸਮੇਂ, ਸਾਡੀ ਮਾਹਰ ਨਰਸਾਂ ਇਹ ਵੇਖਣ ਦੇ ਯੋਗ ਹੋਣਗੀਆਂ ਕਿ ਤੁਸੀਂ ਇਸ ਸਵਾਲ ਦਾ ਜਵਾਬ ਦਿੱਤਾ ਹੈ ਜਾਂ ਨਹੀਂ।

ਤੁਹਾਡੇ ਵਿਸ਼ਵਾਸ ਜਾਂ ਸ਼ਰਧਾ ਦੀ ਕਿਵੇਂ ਕਦਰ ਕੀਤੀ ਜਾਵੇਗੀ, ਬਾਰੇ ਵਧੇਰੇ ਜਾਣਕਾਰੀ ਲਈ

**Organdonation.nhs.uk** 'ਤੇ ਜਾਓ

## ਤੁਸੀਂ ਇਹ ਕੁਝ ਕਰ ਸਕਦੇ ਹੋ

**ਕੀ ਤੁਸੀਂ ਦਾਨੀ ਵਜੋਂ ਰਜਿਸਟਰ ਹੋਣਾ ਚਾਹੁੰਦੇ ਹੋ ਜਾਂ ਅੰਗ-ਦਾਨ ਔਪਟ ਆਉਟ ਕਰਨਾ ਚਾਹੁੰਦੇ ਹੋ ਜਾਂ ਨਹੀਂ, ਇਸ ਬਾਰੇ ਤੁਸੀਂ ਕਿਸੇ ਵੀ ਸਮੇਂ, ਚੋਣ ਕਰ ਸਕਦੇ ਹੋ।**

**ਤੁਸੀਂ:**

- **ਦਾਨੀ ਵੱਜੋਂ ਰਜਿਸਟਰ ਕਰ ਸਕਦੇ ਹੋ**
  ਆਪਣੀ ਮੌਤ ਹੋਣ 'ਤੇ ਆਪਣੇ ਕੁਝ ਜਾਂ ਸਾਰੇ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਕਰ ਸਕਦੇ ਹੋ
- **ਦਾਨੀ ਵੱਜੋਂ ਰਜਿਸਟਰ ਨਾ ਕਰਨ ਦੀ ਚੋਣ ਕਰ ਸਕਦੇ ਹੋ**
  ਸਾਰੇ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਕਰਨ ਤੋਂ ਔਪਟ ਆਉਟ ਕਰ ਸਕਦੇ ਹੋ
- **ਬਦਲਾਅ ਜਾਂ ਸੋਧ ਕਰ ਸਕਦੇ ਹੋ**
  ਪਿਛਲੀ ਰਜਿਸਟਰੇਸ਼ਨ ਦੇ ਆਪਣੇ ਵੇਰਵੇ ਜਾਂ ਦਾਨ ਦੀ ਚੋਣ ਨੂੰ ਅਪਡੇਟ ਕਰ ਸਕਦੇ ਹੋ
- **ਆਪਣੇ ਵੱਲੋਂ ਫੈਸਲਾ ਲੈਣ ਲਈ ਕਿਸੇ ਹੋਰ ਨੂੰ ਨਾਮਜ਼ਦ ਕਰ ਸਕਦੇ ਹੋ**
  ਇਹ ਕੋਈ ਵੀ ਵਿਅਕਤੀ ਹੋ ਸਕਦਾ ਹੈ ਜਿਸ 'ਤੇ ਤੁਸੀਂ ਫ਼ੈਸਲਾ ਕਰਨ ਲਈ ਭਰੋਸਾ ਕਰਦੇ ਹੋ, ਅਤੇ ਇਸ ਦਾ ਮਤਲਬ ਹੈ ਕਿ ਕੋਈ ਨੇੜਲਾ ਵਿਅਕਤੀ ਹੁੰਦੇ ਹੋਏ ਵੀ ਇਸ ਵਿਅਕਤੀ ਨਾਲ ਸੰਪਰਕ ਕੀਤਾ ਜਾਵੇਗਾ।
- **ਰਜਿਸਟਰ ਨਹੀਂ ਕਰਦੇ ਹੋ**
  ਅਸੀਂ ਸਮਝਦੇ ਹਾਂ ਕਿ ਤੁਸੀਂ ਰਜਿਸਟਰ ਨਹੀਂ ਕਰਨਾ ਚਾਹੁੰਦੇ ਹੋ। ਜੇ ਤੁਸੀਂ ਰਜਿਸਟਰ ਨਹੀਂ ਕਰਦੇ ਹੋ, ਤਾਂ ਸਾਡੇ ਕੋਲ ਫਾਈਲ 'ਤੇ ਅੰਗ ਦਾਨ ਬਾਰੇ ਕੋਈ ਫੈਸਲਾ ਨਹੀਂ ਹੋਵੇਗਾ।

## ਸਾਨੂੰ ਦੱਸੋ, ਫਿਰ ਆਪਣੇ ਪਰਿਵਾਰ ਨੂੰ ਦੱਸੋ

**ਹੁਣ ਕਾਨੂੰਨ ਬਦਲ ਗਿਆ ਹੈ, ਅੰਗ-ਦਾਨ ਲਈ ਅੱਗੇ ਵਧਣ ਤੋਂ ਪਹਿਲਾਂ ਮਰੀਜ਼ ਦੇ ਪਰਿਵਾਰ ਜਾਂ ਰਿਸ਼ਤੇਦਾਰਾਂ ਦੇ ਨਾਲ ਸੰਪਰਕ ਕੀਤਾ ਜਾਏਗਾ।**

**ਅੰਗ-ਦਾਨ ਦੇ ਫੈਸਲਿਆਂ ਦਾ ਸਮਰਥਨ ਕਰਨਾ ਪਰਿਵਾਰਾਂ ਨੂੰ ਉਦੋਂ ਸੌਖਾ ਲੱਗਦਾ ਹੈ, ਜਦੋਂ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਹੁੰਦਾ ਹੈ ਕਿ ਉਨ੍ਹਾਂ ਦੇ ਰਿਸ਼ਤੇਦਾਰ ਕੀ ਚਾਹੁੰਦੇ ਹਨ।**

**NHS Organ Donor Register ਵਿੱਚ ਸ਼ਾਮਲ ਹੋ ਕੇ ਅਤੇ ਪਰਿਵਾਰ ਨੂੰ ਆਪਣੇ ਫੈਸਲੇ ਬਾਰੇ ਦੱਸ ਕੇ, ਆਪਣੇ ਪਰਿਵਾਰ ਨੂੰ ਸਪਸ਼ਟ ਕਰੋ ਕਿ ਤੁਸੀਂ ਕੀ ਚਾਹੁੰਦੇ ਹੋ।**

ਵਧੇਰੇ ਜਾਣੋ ਅਤੇ ਆਪਣਾ ਫੈਸਲਾ ਰਜਿਸਟਰ ਕਰੋ

**Organdonation.nhs.uk** ‘ਤੇ ਜਾਓ

ਤੁਸੀਂ NHS ਐਪ (NHS app) ਦੀ ਮਦਦ ਨਾਲ ਆਪਣੇ ਫੈਸਲੇ ਨੂੰ ਰਿਕਾਰਡ ਕਰ ਸਕਦੇ ਹੋ।

ਜੇ ਤੁਹਾਨੂੰ ਲੋੜੀਂਦੀ ਜਾਣਕਾਰੀ ਔਨਲਾਈਨ ਨਹੀਂ ਮਿਲਦੀ ਹੈ ਜਾਂ ਤੁਸੀਂ ਹਾਲੇ ਵੀ ਯਕੀਨੀ ਨਹੀਂ ਹੋ, ਤਾਂ ਤੁਸੀਂ ਅੰਗ ਦਾਨੀ ਲਾਈਨ (Organ Donor Line) ਨੂੰ ਇਸ ‘ਤੇ ਕਾਲ ਕਰ ਸਕਦੇ ਹੋ: **0300 123 23 23**

ਜੇ ਤੁਹਾਨੂੰ ਸੁਣਨ ਵਿੱਚ ਕੋਈ ਸਮੱਸਿਆ ਪੇਸ਼ ਆਉਂਦੀ ਹੈ, ਤਾਂ ਤੁਸੀਂ ਸਾਡੀ ਟੈਕਸਟ ਰਿਲੇ ਸੇਵਾ (text relay service) ਦੀ ਵਰਤੋਂ ਕਰ ਸਕਦੇ ਹੋ: **18001 0300 1232323**

ਸਾਨੂੰ **07860 034 343**’ਤੇ ਟੈਕਸਟ ਕਰੋ

## ਵਧੇਰੇ ਜਾਣਕਾਰੀ

ਜੇ ਤੁਸੀਂ NHS Organ Donor Register ਵਿੱਚੋਂ ਆਪਣੇ ਰਿਕਾਰਡ ਨੂੰ ਸੋਧਣਾ ਜਾਂ ਹਟਾਉਣਾ ਚਾਹੁੰਦੇ ਹੋ, ਤਾਂ ਤੁਸੀਂ ਅੰਗ ਦਾਨੀ ਲਾਈਨ ਨੂੰ **0300 123 23 23**'ਤੇ ਕਾਲ ਕਰ ਸਕਦੇ ਹੋ, **www.organdonation.nhs.uk** 'ਤੇ ਜਾ ਸਕਦੇ ਹੋ ਜਾਂ ਇੱਥੇ ਡਾਕ ਭੇਜ ਸਕਦੇ ਹੋ: Freepost RRZK–SHUX–SBCK, NHS Blood and Transplant, Fox Den Road, Stoke Gifford, Bristol BS34 8RR. ਤੁਸੀਂ NHS ਐਪ ਨੂੰ ਡਾਉਨਲੋਡ ਕਰ ਸਕਦੇ ਹੋ ਅਤੇ ਆਪਣੇ ਫੈਸਲੇ ਵਿੱਚ ਸੋਧ ਕਰ ਸਕਦੇ ਹੋ।

NHS Organ Donor Register ਇੱਕ ਗੁਪਤ ਅਤੇ ਸੁਰੱਖਿਅਤ ਡਾਟਾਬੇਸ ਹੈ, ਜਿੱਥੇ ਤੁਸੀਂ ਆਪਣੇ ਅੰਗ ਦਾਨ ਸੰਬੰਧੀ ਫੈਸਲੇ ਨੂੰ ਰਿਕਾਰਡ ਕਰ ਸਕਦੇ ਹੋ, ਇਹ ਦੱਸਦੇ ਹੋਏ ਕਿ ਤੁਸੀਂ ਮਰਨ ਬਾਅਦ ਆਪਣੇ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਕਰਨਾ ਚਾਹੁੰਦੇ ਹੋ ਜਾਂ ਨਹੀਂ। ਜੇ ਅੰਗ ਦਾਨ ਦੀ ਸੰਭਾਵਨਾ ਬਣ ਜਾਂਦੀ ਹੈ, ਤਾਂ ਮਾਹਰ ਨਰਸਾਂ ਰਜਿਸਟਰ ਨਾਲ ਸਲਾਹ-ਮਸ਼ਵਰਾ ਕਰਨਗੀਆਂ ਕਿ ਵਿਅਕਤੀ ਨੇ ਦਾਨੀ ਬਣਨ ਜਾਂ ਨਾ ਬਣਨ ਦਾ ਫੈਸਲਾ ਦਰਜ ਕੀਤਾ ਹੈ ਜਾਂ ਨਹੀਂ।

ਇਹ ਫੈਕਟਸ਼ੀਟ ਫੈਸਲੇ ਨੂੰ ਰਿਕਾਰਡ ਕਰਨ ਦੇ ਕਈ ਤਰੀਕਿਆਂ ਬਾਰੇ ਜਾਣਕਾਰੀ ਦਿੰਦੀ ਹੈ, ਪਰ ਤੁਸੀਂ ਜੋ ਵੀ ਫੈਸਲਾ ਲੈਂਦੇ ਹੋ, ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਅਜ਼ੀਜ਼ਾਂ ਨੂੰ ਇਸ ਬਾਰੇ ਦੱਸੋ, ਤਾਂ ਜੋ ਉਹ ਤੁਹਾਡੇ ਦਾਨ ਕਰਨ ਦੇ ਫੈਸਲੇ ਦਾ ਸਮਰਥਨ ਕਰ ਸਕਣ।



*ਦਿਲ ਦਾ ਦੌਰਾ ਪੈਣ ਤੋਂ ਬਾਅਦ ਰੋਹਿਤ (Rohit) ਦਾ ਸਿਰਫ 55 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਸਦੀ ਕਿਡਨੀ, ਦਿਲ ਦੇ ਵਾਲਵ ਅਤੇ ਕੋਰਨੀਆ ਦਾਨ ਕਰ ਦਿੱਤੇ ਗਏ ਸਨ ਅਤੇ ਇਸ ਨਾਲ ਦੂਜਿਆਂ ਨੂੰ ਕਾਫੀ ਮਦਦ ਮਿਲੀ।*

NHSOrganDonor